ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ, ਨੌਜਵਾਨਾਂ ਨੂੰ ਸਹਿਯੋਗ ਅਤੇ ਸ਼ਕਤੀ ਪ੍ਰਦਾਨ ਕਰਨ ਲਈ ਔਨਲਾਈਨ ਕਾਰਜਕਰਮ ਦੇ ਨਾਲ, ਪਹਿਲਾ ਯੂਥ ਡੇ ਆਯੋਜਿਤ ਕਰੇਗੀ

ਬ੍ਰੈਂਪਟਨ, ਓਨਟੈਰੀਓ (21 ਅਗਸਤ, 2020) – ਸਿਟੀ ਆਫ ਬ੍ਰੈਂਪਟਨ ਦੀ ਕੋਵਿਡ-19 ਯੂਥ ਸਪੋਰਟ ਟਾਸਕ ਫੋਰਸ (COVID-19 Youth Support Task Force), ਵੀਰਵਾਰ, 3 ਸਤੰਬਰ ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ, ਯੂਥ ਡੇ (Youth Day) ਪੇਸ਼ ਕਰ ਰਹੀ ਹੈ! ਸਪੀਕਰਾਂ ਦੇ ਰੋਮਾਂਚਕ ਸਮੂਹਾਂ ਅਤੇ ਔਨਲਾਈਨ ਸਟ੍ਰੀਮ ਕੀਤੇ ਜਾਣ ਵਾਲੇ ਓਪਨ ਸਵਾਲ-ਜਵਾਬ ਲਈ ਸਾਡੇ ਨਾਲ ਜੁੜੋ।

ਯੂਥ ਡੇ ਦੀ ਮੇਜਬਾਨੀ, ਸਿਟੀ ਟੀ.ਵੀ. (City TV) ਦੀ ਕ੍ਰਿਸਟੀਨਾ ਹੋਵੋਰਨ (Cristina Howorun) ਵੱਲੋਂ ਕੀਤੀ ਜਾ ਰਹੀ ਹੈ। ਇਹ ਨੌਜਵਾਨਾਂ ਵਾਸਤੇ, 2020 ਵਿੱਚ ਉਮੀਦ ਦੀਆਂ ਕਹਾਣੀਆਂ ਸੁਣਨ, ਨਿਪਟਣ ਦੇ ਤਰੀਕੇ ਸਿੱਖਣ ਅਤੇ ਪ੍ਰੇਰਿਤ ਰਹਿਣ ਦੀ ਆਭਾਸੀ (ਵਰਚੁਅਲ) ਥਾਂ ਹੈ। ਮੇਅਰ ਪੈਟਰਿਕ ਬ੍ਰਾਊਨ (Patrick Brown), ਸਿਟੀ ਕਾਊਂਸਲਰ ਸ਼ਾਰਮੇਨ ਵਿਲੀਅਮਸ (Charmaine Williams) ਅਤੇ ਸਿਟੀ ਕਾਊਂਸਲਰ ਹਰਕੀਰਤ ਸਿੰਘ (Harkirat Singh) ਦੀਆਂ ਟਿੱਪਣੀਆਂ ਸੁਣੋ। ਨਾਲ ਹੀ, ਹੇਠਾਂ ਲਿਖੇ ਪੰਜ ਖਾਸ ਵਿਸ਼ਿਆਂ ਤੇ, ਪੰਜ ਮਾਹਰ ਸਪੀਕਰਾਂ ਤੋਂ ਕਹਾਣੀਆਂ ਸੁਣੋ।

- ਬੈੱਲ ਪੇਸ਼ ਕਰਦਾ ਹੈ ਮੈਂਟਲ ਹੈਲਥ – ਮਾਹਰ ਯੋਨਾ ਬਡ (Yonah Budd) ਦੇ ਨਾਲ, ਪਲਾਨ ਬੀ. (Plan B) ਨਾਲ ਚਿੰਤਾ ਤੋਂ ਛੁਟਕਾਰਾ ਪਾਓ (overcome with anxiety)
- ਵਨ ਵੋਇਸ ਵਨ ਟੀਮ ਯੂਥ ਲੀਡਰਸ਼ਿਪ ਓਰਗੇਨਾਈਜੇਸ਼ਨ (One Voice One Team Youth Leadership Organization) ਦੇ ਸੰਸਥਾਪਕ ਓਰਲੈਂਡੋ ਬੋਵੇਨ (Orlando Bowen) ਦੇ ਨਾਲ ਐਂਟੀ-ਨਸਲਵਾਦ (Anti-Racism)
- ਪ੍ਰਸਿੱਧ ਮੇਜਬਾਨ, ਲੇਖਕ ਅਤੇ ਨਿਰਮਾਤਾ ਡੈਨੀਅਲ ਪਿਲਈ (Daniel Pillai) ਦੇ ਨਾਲ LGBTQ+ਬਰਾਬਰੀ (LGBTQ+ Equality)
- ਪ੍ਰਭਾਵ ਪਾਉਣ ਵਾਲੀਆਂ ਹਸਤੀਆਂ ਅਤੇ ਫੈਸ਼ਨ ਗੁਰੂ ਦ ਸੈਂਡੀ ਲਾਇਨ (The Sandy Lion ) ਦੇ ਨਾਲ ਪਾਰਦਰਸ਼ਕਤਾ (Transparency)
- ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਸਬੰਧੀ ਪ੍ਰੇਰਕ ਸਪੀਕਰ ਐਂਥਨੀ ਮੈਕਲੀਨ (Anthony McLean) ਦੇ ਨਾਲ ਧੱਕੇਸ਼ਾਹੀ (Bullying)

ਦੁਪਹਿਰ ਬਾਅਦ, ਸਾਰੇ ਸਪੀਕਰਾਂ ਨੂੰ ਪੇਸ਼ ਕਰਦੇ ਹੋਏ, ਓਪਨ ਸਵਾਲ-ਜਵਾਬ ਵਿੱਚ ਸ਼ਾਮਲ ਹੋਣ ਦੇ ਨਾਲ ਸਮਾਪਤੀ ਹੋਵੇਗੀ।

ਬ੍ਰੈਂਪਟਨ ਯੂਥ ਡੇ, ਮਾਣ ਦੇ ਨਾਲ ਬੈੱਲ (BELL), ਸੀ.ਐਨ. (CN), ਆਰ.ਬੀ.ਸੀ. (RBC) ਅਤੇ ਈ.ਬੀ. ਗੇਮਸ (EB Games) ਵੱਲੋਂ ਪ੍ਰਾਯੋਜਿਤ ਕੀਤਾ ਜਾ ਰਿਹਾ ਹੈ।

ਸ਼ਾਮਲ ਹੋਣ ਲਈ ਰਜਿਸਟਰੇਸ਼ਨ ਲੋੜੀਂਦਾ ਹੈ। ਕਿਰਪਾ ਕਰਕੇ ਹਾਜ਼ਰੀ ਦੀ ਪੁਸ਼ਟੀ ਕਰਨ ਲਈ ਅਤੇ ਕਾਰਜਕਰਮ ਵਿੱਚ ਸ਼ਾਮਲ ਹੋਣ ਲਈ, ਲੌਗਿਨ ਜਾਣਕਾਰੀ ਪ੍ਰਾਪਤ ਕਰਨ ਵਾਸਤੇ, events@brampton.ca ਤੇ ਈਮੇਲ ਕਰੋ। ਕਾਰਜਕਰਮ ਅਤੇ ਸਪੀਕਰ ਸਬੰਧੀ ਪੂਰੇ ਵੇਰਵਿਆਂ ਲਈ, brampton.ca/bramptonyouthday ਤੇ ਜਾਓ।

**ਕੋਵਿਡ-19 ਯੂਥ ਸਪੋਰਟ ਟਾਸਕ ਫੋਰਸ**

ਸਿਟੀ ਆਫ ਬ੍ਰੈਂਪਟਨ ਦੀ ਕੋਵਿਡ-19 ਯੂਥ ਸਪੋਰਟ ਟਾਸਕ ਫੋਰਸ ਦੀ ਸਹਿ-ਮੇਜਬਾਨੀ, ਸਿਟੀ ਕਾਊਂਸਲਰ, ਸ਼ਾਰਮੇਨ ਵਿਲੀਅਮਸ ਅਤੇ ਸਿਟੀ ਕਾਊਂਸਲਰ, ਹਰਕੀਰਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ। ਟਾਸਕ ਫੋਰਸ, ਬ੍ਰੈਂਪਟਨ ਦੇ 14 ਤੋਂ 29 ਸਾਲ ਦੇ ਨੌਜਵਾਨਾਂ ਦੀਆਂ ਲੋੜਾਂ ਨੂੰ ਸਹਿਯੋਗ ਕਰਦੀ ਹੈ। ਇਹ ਨੌਜਵਾਨਾਂ ਨੂੰ ਘਰ ਵਿੱਚ ਔਨਲਾਈਨ ਗਤੀਵਿਧੀਆਂ ਵਿੱਚ ਵਿਅਸਤ ਰੱਖਦੇ ਹੋਏ, ਉਹਨਾਂ ਨੂੰ ਸੇਵਾ ਦੇਣ ਵਾਲੇ 40 ਤੋਂ ਵੱਧ ਲੋਕਲ ਸੰਗਠਨਾਂ ਦੇ ਨਾਲ ਸੰਪਰਕ ਕਰਦੇ ਹੋਏ, ਕੋਵਿਡ-19 ਮਹਾਂਮਾਰੀ ਦੇ ਦੌਰਾਨ ਵਸੀਲੇ ਅਤੇ ਸਹਿਯੋਗ ਪ੍ਰਦਾਨ ਕਰਦੀ ਹੈ। ਹੋਰ ਜਾਣਕਾਰੀ ਲਈ ਇੱਥੇ ਕਲਿੱਕ ਕਰੋ (Click here)।

**ਯੂਥ ਫ੍ਰੈਂਡਲੀ ਕਮਿਉਨਿਟੀ ਦੀ ਪਦਵੀ**

ਇਸ ਸਾਲ, ਸਿਟੀ ਆਫ ਬ੍ਰੈਂਪਟਨ ਨੂੰ ਪਲੇ ਵਰਕਸ (Play Works) ਵੱਲੋਂ ਪਲੈਟੀਨਮ ਸਟੇਟਸ ਯੂਥ ਫ੍ਰੈਂਡਲੀ ਕਮਿਉਨਿਟੀ (Platinum Status Youth Friendly Community) ਦੀ ਪਦਵੀ ਮਿਲੀ ਹੈ। ਇਹ ਪਾਰਕਸ ਐਂਡ ਰੇਕ੍ਰੀਏਸ਼ਨ ਓਨਟੈਰੀਓ (Parks and Recreation Ontario) ਦੁਆਰਾ ਹਿਮਾਇਤ ਵਾਲਾ ਪ੍ਰੋਗ੍ਰਾਮ ਹੈ। ਇਹ ਤੀਜੀ ਵਾਰ ਹੈ, ਜਦੋਂ ਸਿਟੀ ਨੂੰ ਨੌਜਵਾਨਾਂ ਲਈ ਵਾਧੇ ਅਤੇ ਵਿਕਾਸ ਦੇ ਮੌਕਿਆਂ ਵਾਸਤੇ, ਇਸਦੀ ਸ਼ਾਨਦਾਰ ਵਚਨਬੱਧਤਾ ਲਈ ਮਾਨਤਾ ਦਿੱਤੀ ਗਈ ਹੈ। ਸਿਟੀ, ਇਸ ਸਾਲ ਟੌਪ ਪਲੈਟੀਨਮ ਪਦਵੀ ਪ੍ਰਾਪਤ ਕਰਨ ਵਾਲੇ ਤਿੰਨ ਭਾਈਚਾਰਿਆਂ ਵਿੱਚੋਂ ਇੱਕ ਹੈ। ਹੋਰ ਜਾਣਨ ਲਈ ਇੱਥੇ ਕਲਿੱਕ ਕਰੋ (Click here)।

**ਹਵਾਲੇ**

"ਨੌਜਵਾਨਾਂ ਲਈ ਮੌਕਿਆਂ ਦਾ ਲੀਡਰ ਹੋਣ ਦੇ ਤੌਰ ਤੇ, ਬ੍ਰੈਂਪਟਨ ਇੱਕ ਵਾਰ ਫਿਰ, ਸਾਡੇ ਭਾਈਚਾਰੇ ਵਿੱਚ ਨੌਜਵਾਨਾਂ ਲਈ, ਸਾਡੇ ਪਹਿਲੇ ਯੂਥ ਡੇ ਦੇ ਨਾਲ ਅੱਗੇ ਵਧ ਰਿਹਾ ਹੈ। ਕੋਵਿਡ-19 ਯੂਥ ਸਪੋਰਟ ਟਾਸਕ ਫੋਰਸ, ਕੋਵਿਡ-19 ਮਹਾਂਮਾਰੀ ਦੇ ਦੌਰਾਨ ਬ੍ਰੈਂਪਟਨ ਦੇ ਨੌਜਵਾਨਾਂ ਨੂੰ, ਅਰਥਪੂਰਣ ਤਰੀਕਿਆਂ ਨਾਲ ਵਿਅਸਤ ਰੱਖਣ ਅਤੇ ਉੱਨਤੀ ਕਰਨ ਵਿੱਚ ਉਹਨਾਂ ਦੀ ਮਦਦ ਲਈ ਬਣਾਈ ਗਈ ਸੀ। ਇਹ ਔਨਲਾਈਨ ਕਾਰਜਕਰਮ, ਇਸ ਵਚਨਬੱਧਤਾ ਦਾ ਸਿੱਧਾ ਨਤੀਜਾ ਹੈ। ਮੈਂ ਹਰ ਕਿਸੇ ਨੂੰ ਇਸ ਪ੍ਰੇਰਨਾਦਾਇਕ ਦੁਪਹਿਰ ਵਿੱਚ ਸ਼ਾਮਲ ਹੋਣ ਦੀ ਸਲਾਹ ਦਿੰਦਾ ਹਾਂ।"

- *ਪੈਟਰਿਕ ਬ੍ਰਾਉਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਨੂੰ ਪਤਾ ਹੈ ਕਿ 2020, ਬ੍ਰੈਂਪਟਨ ਵਿੱਚ ਨੌਜਵਾਨਾਂ ਲਈ ਬੇਹੱਦ ਮੁਸ਼ਕਲ ਸਮਾਂ ਰਿਹਾ ਹੈ। ਇਹ ਕਾਰਜਕਰਮ, ਕੋਵਿਡ-19 ਯੂਥ ਸਪੋਰਟ ਟਾਸਕ ਫੋਰਸ ਦੇ ਦੁਆਰਾ, ਨੌਜਵਾਨਾਂ ਦੇ ਨਾਲ ਗੱਲਬਾਤ ਦੇ ਨਤੀਜੇ ਦੇ ਤੌਰ ਤੇ, ਸਾਡੇ ਭਾਈਚਾਰੇ ਵਿੱਚ ਅਸਧਾਰਨ ਨੌਜਵਾਨਾਂ ਨੂੰ ਸਹਿਯੋਗ ਕਰਨ ਅਤੇ ਸ਼ਕਤੀ ਪ੍ਰਦਾਨ ਕਰਨ ਵਿੱਚ ਮਦਦ ਲਈ ਤਿਆਰ ਕੀਤਾ ਗਿਆ ਸੀ। ਅਸੀਂ ਸਾਡੇ ਭਾਈਚਾਰੇ ਦੀਆਂ ਲੋੜਾਂ ਨੂੰ ਸੁਣਿਆ ਅਤੇ ਅਸੀਂ ਉਹ ਸਭ ਕੁਝ ਪ੍ਰਦਾਨ ਕਰ ਰਹੇ ਹਾਂ।"

- *ਸ਼ਾਰਮੇਨ ਵਿਲੀਅਮਸ (Charmaine Williams), ਸਿਟੀ ਕਾਉਂਸਲਰ, ਵਾਰਡਸ 7 ਅਤੇ 8; ਕੋ-ਲੀਡ, ਕੋਵਿਡ-19 ਯੂਥ ਸਪੋਰਟ ਟਾਸਕ ਫੋਰਸ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਦੇ ਨੌਜਵਾਨ ਹਿੰਮਤੀ, ਜੋਸ਼ੀਲੇ ਅਤੇ ਪ੍ਰੇਰਨਾਦਾਇਕ ਹਨ। ਅਸੀਂ ਉਹਨਾਂ ਦੇ ਸੁਨਹਿਰੇ ਭਵਿੱਖ ਨੂੰ ਸਹਿਯੋਗ ਕਰਨ ਅਤੇ ਉਸ ਗਤੀ ਨੂੰ ਕਾਇਮ ਰੱਖਣ ਵਿੱਚ ਮਦਦ ਲਈ, ਖਾਸ ਵਿਸ਼ਿਆਂ ਤੇ ਮਾਹਰ ਸਪੀਕਰਾਂ ਨੂੰ ਬੁਲਾਇਆ ਹੈ। ਕੋਵਿਡ-19 ਯੂਥ ਸਪੋਰਟ ਟਾਸਕ ਫੋਰਸ, ਬ੍ਰੈਂਪਟਨ ਵਿੱਚ ਨੌਜਵਾਨਾਂ ਨੂੰ ਸਹਿਯੋਗ ਕਰਨ ਲਈ ਸਮਰਪਿਤ ਹੈ।"

- *ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਕੋ-ਲੀਡ, ਕੋਵਿਡ-19 ਯੂਥ ਸਪੋਰਟ ਟਾਸਕ ਫੋਰਸ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਨੂੰ ਯੂਥ ਡੇ ਪੇਸ਼ ਕਰਨ ਤੇ ਮਾਣ ਹੈ। ਇਸ ਵਿੱਚ ਅੱਜ ਦੇ ਨੌਜਵਾਨਾਂ ਲਈ ਸਬੰਧਿਤ ਅਤੇ ਮਹੱਤਵਪੂਰਣ ਵਿਸ਼ਿਆਂ ਤੇ ਸਪੀਕਰਾਂ ਦੇ ਸਮੂਹ ਨੂੰ ਜੋੜਿਆ ਜਾ ਰਿਹਾ ਹੈ। ਬ੍ਰੈਂਪਟਨ ਦੇ ਨੌਜਵਾਨਾਂ ਦੇ ਪ੍ਰਤੀ, ਕਾਉਂਸਿਲ ਅਤੇ ਸਿਟੀ ਸਟਾਫ਼ ਦੇ ਸਮਰਪਣ ਨੇ ਇਸ ਕਾਰਜਕਰਮ ਨੂੰ ਸੰਭਵ ਬਣਾਇਆ ਹੈ। ਤੁਸੀਂ ਇਸ ਨੂੰ ਖੁੰਝਾਉਣਾ ਨਹੀਂ ਚਾਹੋਗੇ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca